# ਕਿਸੇ ਗੈਰ-ਲਾਇਸੰਸਸ਼ੁਦਾ ਸਲਾਹਕਾਰ ਦੀ ਵਰਤੋਂ ਕਰਨ ਦੇ ਜੋਖ਼ਮਾਂ ਬਾਰੇ ਜਾਣੋ

ਹਰ ਸਾਲ, ਲੱਖਾਂ ਲੋਕ ਕੈਨੇਡਾ ਨੂੰ ਆਪਣਾ ਘਰ ਬਣਾਉਣ ਦੀ ਚੋਣ ਕਰਦੇ ਹਨ। ਇਹਨਾਂ ਨਵੇਂ ਆਉਣ ਵਾਲਿਆਂ ਵਿੱਚੋਂ ਕਈ ਲੋਕ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਦੇ ਅਮਲ ਵਿੱਚੋਂ ਗੁਜ਼ਰਨ ਵਿੱਚ ਆਪਣੀ ਮਦਦ ਲਈ ਕਿਸੇ ਸਲਾਹਕਾਰ ਦੀਆਂ ਸੇਵਾਵਾਂ ਲੈਣ ਦੀ ਚੋਣ ਕਰਦੇ ਹਨ।

ਜੇ ਤੁਸੀਂ ਕਿਸੇ ਸਲਾਹਕਾਰ ਦੀਆਂ ਸੇਵਾਵਾਂ ਲੈਂਦੇ ਹੋ, ਤਾਂ ਉਹਨਾਂ ਨੂੰ College of Immigration and Citizenship Consultants ਕੋਲੋਂ ਲਾਇਸੰਸ ਮਿਲਿਆ ਹੋਣਾ ਲਾਜ਼ਮੀ ਹੈ। ਇਮੀਗ੍ਰੇਸ਼ਨ, ਰੀਫਿਊਜੀਸ ਐਂਡ ਸਿਟੀਜ਼ਨਸ਼ਿਪ ਕੈਨੇਡਾ (Immigration, Refugees and Citizenship Canada - IRCC) ਸਿਰਫ਼ ਉਹਨਾਂ ਹੀ ਪ੍ਰਤੀਨਿਧਾਂ ਨਾਲ ਕਾਰ-ਵਿਹਾਰ ਕਰੇਗੀ ਜੋ ਪੈਸੇ ਲੈਕੇ ਇਮੀਗ੍ਰੇਸ਼ਨ ਸੰਬੰਧੀ ਸਲਾਹ ਜਾਂ ਪ੍ਰਤੀਨਿਧਤਾ ਪ੍ਰਦਾਨ ਕਰਾਉਣ ਲਈ ਲਾਇਸੰਸਸ਼ੁਦਾ ਹਨ। **IRCC ਗੈਰ-ਲਾਇਸੰਸਸ਼ੁਦਾ ਸਲਾਹਕਾਰਾਂ ਵੱਲੋਂ ਜਮ੍ਹਾਂ ਕਰਵਾਈਆਂ ਅਰਜ਼ੀਆਂ ਨੂੰ ਸਵੀਕਾਰ ਨਹੀਂ ਕਰੇਗੀ।**

**ਕਿਸੇ ਗੈਰ-ਲਾਇਸੰਸਸ਼ੁਦਾ ਸਲਾਹਕਾਰ ਦੀਆਂ ਸੇਵਾਵਾਂ ਲੈਣ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।**

ਉਹਨਾਂ ਲੋਕਾਂ ਤੋਂ ਸੁਚੇਤ ਰਹੋ ਜੋ ਆਪਣੇ ਆਪ ਨੂੰ ਇਮੀਗ੍ਰੇਸ਼ਨ ਸਲਾਹਕਾਰ ਵਜੋਂ ਪੇਸ਼ ਕਰਦੇ ਹਨ, ਪਰ ਜਿਨ੍ਹਾਂ ਨੂੰ College of Immigration and Citizenship Consultants ਕੋਲੋਂ ਲਾਇਸੰਸ ਨਹੀਂ ਮਿਲਿਆ ਹੋਇਆ। ਹੋ ਸਕਦਾ ਹੈ ਗੈਰ-ਲਾਇਸੰਸਸ਼ੁਦਾ ਸਲਾਹਕਾਰਾਂ ਕੋਲ ਉਹ ਸਿਖਲਾਈ ਅਤੇ ਸਿੱਖਿਆ ਨਾ ਹੋਵੇ ਜੋ ਲਾਇਸੰਸਸ਼ੁਦਾ ਸਲਾਹਕਾਰਾਂ ਜਾਂ ਹੋਰ ਪੈਸੇ ਲੈਕੇ ਕੰਮ ਕਰਨ ਵਾਲੇ ਪ੍ਰਤੀਨਿਧਾਂ (ਵਕੀਲਾਂ ਅਤੇ ਨੋਟਰੀਆਂ) ਕੋਲ ਹੁੰਦੀ ਹੈ।

ਗੈਰ-ਲਾਇਸੰਸਸ਼ੁਦਾ ਸਲਾਹਕਾਰ ਉਸੇ ਨੈਤਿਕ ਮਿਆਰਾਂ ਦੀ ਪਾਲਣਾ ਨਹੀਂ ਕਰਦੇ ਜੋ ਕਾਲਜ ਦੇ ਮੈਂਬਰ ਕਰਦੇ ਹਨ। ਇਸੇ ਕਰਕੇ, ਕਿਸੇ ਗੈਰ-ਲਾਇਸੰਸਸ਼ੁਦਾ ਸਲਾਹਕਾਰ ਦੀ ਵਰਤੋਂ ਕਰਨ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ, ਜਿਵੇਂ ਕਿ

- ਆਪਣਾ ਪੈਸਾ ਗੁਆ ਬੈਠਣਾ:
  - ਕਿਸੇ ਅਜਿਹੀ ਸੇਵਾ ਵਾਸਤੇ ਭੁਗਤਾਨ ਕਰਨਾ ਜੋ ਤੁਹਾਨੂੰ ਕਦੇ ਪ੍ਰਾਪਤ ਹੀ ਨਹੀਂ ਹੋਈ
  - ਧੋਖਾਧੜੀ ਵਾਲੀਆਂ ਸੇਵਾਵਾਂ ਵਾਸਤੇ ਭੁਗਤਾਨ ਕਰਨਾ
- ਤੁਹਾਡੀ ਅਰਜ਼ੀ ਨੂੰ ਇਨਕਾਰ ਕਰ ਦਿੱਤਾ ਜਾਣਾ:
  - ਕੋਈ ਗੈਰ-ਲਾਇਸੰਸਸ਼ੁਦਾ ਸਲਾਹਕਾਰ ਤੁਹਾਨੂੰ ਕਿਸੇ ਅਜਿਹੇ ਪ੍ਰੋਗਰਾਮ ਵਾਸਤੇ ਅਰਜ਼ੀ ਦੇਣ ਲਈ ਕਹਿੰਦਾ ਹੈ ਜਿਸ ਵਾਸਤੇ ਤੁਸੀਂ ਯੋਗਤਾ ਪੂਰੀ ਨਹੀਂ ਕਰਦੇ, ਇਸ ਲਈ ਤੁਹਾਡੀ ਅਰਜ਼ੀ ਰੱਦ ਹੋ ਜਾਂਦੀ ਹੈ
- ਕੈਨੇਡਾ ਵਿੱਚ ਦਾਖਲ ਹੋਣ 'ਤੇ ਰੋਕ ਲੱਗ ਜਾਣਾ:
  - ਕਿਸੇ ਗੈਰ-ਲਾਇਸੰਸਸ਼ੁਦਾ ਸਲਾਹਕਾਰ ਨੇ ਤੁਹਾਨੂੰ ਝੂਠ ਬੋਲਣ ਜਾਂ ਆਪਣੀ ਅਰਜ਼ੀ ਉੱਤੇ ਕੋਈ ਜਾਣਕਾਰੀ ਛੁਪਾਉਣ ਵਾਸਤੇ ਕਿਹਾ ਸੀ, ਅਤੇ ਹੁਣ ਤੁਹਾਨੂੰ 5 ਸਾਲਾਂ ਤੱਕ ਕੈਨੇਡਾ ਵਿੱਚ ਆਉਣ ਦੀ ਆਗਿਆ ਨਹੀਂ ਹੈ

ਕਿਸੇ ਗੈਰ-ਲਾਇਸੰਸਸ਼ੁਦਾ ਸਲਾਹਕਾਰ ਦੀ ਵਰਤੋਂ ਕਰਨ ਦਾ ਸਿੱਟਾ ਹੇਠ ਲਿਖਿਆਂ ਦੇ ਰੂਪ ਵਿੱਚ ਵੀ ਨਿਕਲ ਸਕਦਾ ਹੈ

- ਪਛਾਣ ਦੀ ਚੋਰੀ
- ਤੁਹਾਡੇ ਬੈਂਕ ਖਾਤੇ ਜਾਂ ਕ੍ਰੈਡਿਟ ਕਾਰਡ ਤੋਂ ਪੈਸੇ ਚੋਰੀ ਹੋ ਜਾਣਾ
- ਹਿੰਸਾ ਦੀਆਂ ਧਮਕੀਆਂ
- ਸ਼ੋਸ਼ਣ

ਧੋਖਾਧੜੀ ਦਾ ਪਤਾ ਲਾਉਣ, ਇਸ ਤੋਂ ਬਚਣ ਅਤੇ ਇਸਦੀ ਰਿਪੋਰਟ ਕਰਨ ਬਾਰੇ ਹੋਰ ਜਾਣਕਾਰੀ ਵਾਸਤੇ, ਦੇਖੋ: Canada.ca/immigration-fraud.

ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਪ੍ਰਤੀਨਿਧ ਅਧਿਕਾਰਿਤ ਹੈ, ਦੇਖੋ: Canada.ca/immigration-representative.